BRAMPTON Flower City brampton.ca

media release

ਤੁਰੰਤ ਰਿਲੀਜ ਲਈ

# BramptonU ਦੀ ਮੁਹਿੰਮ ਵਿੱਚ ਸ਼ਾਮਲ ਹੋਵੋ

ਬ੍ਰੈਂਪਟਨ, ਓਨਟੈਰੀਓ (6 ਦਸੰਬਰ, 2019) – ਬ੍ਰੈਂਪਟਨ ਸਿਟੀ ਕਾਊਂਸਿਲ (Brampton City Council) ਨੂੰ BramptonU ਪੇਸ਼ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ; ਇਹ ਬ੍ਰੈਂਪਟਨ ਦੀ ਆਪਣੀ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਯੂਨੀਵਰਸਿਟੀ ਸ਼ੁਰੂ ਕਰਨ ਦੀ ਇੱਕ ਮੁਹਿੰਮ ਹੈ। ਮੌਜੂਦਾ ਭਾਈਵਾਲਾਂ ਅਤੇ ਓਨਟੈਰੀਓ ਵਿੱਚ ਅਤੇ ਪੂਰੀ ਦੁਨੀਆ ਵਿੱਚ ਹੋਰ ਯੂਨੀਵਰਸਿਟੀਆਂ ਦੀ ਵਿਸ਼ੇਸ਼ਤਾ ਦੇ ਆਧਾਰ ਤੇ, ਸਿਟੀ ਨਿਵਾਸੀਆਂ ਅਤੇ ਕਾਰੋਬਾਰੀਆਂ ਦੀ ਲੋੜਾਂ ਨੂੰ ਪੂਰਾ ਕਰਨ ਲਈ ਬ੍ਰੈਂਪਟਨ ਵਿੱਚ ਪੂਰੀ ਯੂਨੀਵਰਸਿਟੀ ਲਿਆਉਣ ਲਈ ਉਤਸ਼ਾਹਿਤ ਹੈ।

ਸਿਟੀ ਕਾਰੋਬਾਰੀ ਮਾਮਲੇ ਵਿੱਚ ਸੁਤੰਤਰ ਸਲਾਹਕਾਰਾਂ ਦੇ ਨਾਲ ਕੰਮ ਕਰ ਰਹੀ ਹੈ। ਜਨਤਾ ਅਤੇ ਸਟੇਕਹੋਲਡਰਾਂ ਦੇ ਸੁਝਾਅ, BramptonU ਨੂੰ ਅਸਲੀਅਤ ਬਣਾਉਣ ਲਈ ਮਹੱਤਵਪੂਰਣ ਹਨ। ਪਹਿਲੇ ਕਦਮ ਦੇ ਤੌਰ ਤੇ, ਸਿਟੀ ਆਫ ਬ੍ਰੈਂਪਟਨ ਕਈ ਸਾਧਨਾਂ ਰਾਹੀਂ ਜਨਤਕ ਸੁਝਾਅ ਲੈ ਰਹੀ ਹੈ:

**ਟੈਲੀਫੋਨ ਸਰਵੇਖਣ, 6 ਦਸੰਬਰ ਤੋਂ ਸ਼ੁਰੂ ਹੋਵੇਗਾ**

- 1,000 ਨਿਵਾਸੀਆਂ ਨੂੰ ਨਮੂਨੇ ਦੇ ਤੌਰ ਤੇ ਬੇਤਰਤੀਬੀ ਨਾਲ ਫੋਨ ਕੀਤਾ ਜਾਵੇਗਾ।

**ਟੈਲੀ-ਟਾਊਨ ਹਾਲ (Tele-Town Hall), 13 ਦਸੰਬਰ, ਸ਼ਾਮ 7 – 8 ਵਜੇ ਤੱਕ**

- 100,000 ਨਿਵਾਸੀਆਂ ਨੂੰ ਨਮੂਨੇ ਦੇ ਤੌਰ ਤੇ ਬੇਤਰਤੀਬੀ ਨਾਲ ਫੋਨ ਕੀਤਾ ਜਾਵੇਗਾ। ਜੋ ਲੋਕ ਚਾਹੁੰਦੇ ਹਨ ਕਿ ਉਹਨਾਂ ਨੂੰ ਜ਼ਰੂਰ ਫੋਨ ਕੀਤਾ ਜਾਵੇ, ਉਹ www.BramptonU.ca ਤੇ ਸਾਈਨ ਅੱਪ ਕਰ ਸਕਦੇ ਹਨ।
- ਮੇਅਰ ਪੈਟਰਿਕ ਬ੍ਰਾਊਨ (Patrick Brown), ਕਾਊਂਸਿਲ ਦੇ ਮੈਂਬਰ ਅਤੇ BramptonU ਪ੍ਰੋਜੈਕਟ ਲੀਡਰ ਸੁਝਾਅ ਲੈਣ ਅਤੇ ਨਿਵਾਸੀਆਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਕਾੱਲ ਤੇ ਹੋਣਗੇ।

ਇਸ ਰੋਮਾਂਚਕ ਮੁਹਿੰਮ ਦੇ ਹਿੱਸੇ ਦੇ ਤੌਰ ਤੇ, ਸਿਟੀ ਆਫ ਬ੍ਰੈਂਪਟਨ:

- ਬ੍ਰੈਂਪਟਨ ਯੂਨੀਵਰਸਿਟੀ ਅਤੇ ਸੰਭਾਵੀ ਵਿਦਿਆਰਥੀ ਰਿਹਾਇਸ਼ ਲਈ ਇੱਟ ਅਤੇ ਸੀਮੇਂਟ ਦੀਆਂ ਬਿਲਡਿੰਗਾਂ ਬਣਾਉਣ ਅਤੇ ਉਹਨਾਂ ਨੂੰ ਕਾਇਮ ਰੱਖਣ ਵਾਸਤੇ ਭਾਈਵਾਲੀਆਂ ਅਤੇ ਪੱਧਤੀਆਂ ਲੱਭ ਰਹੀ ਹੈ
- BramptonU ਦੇ ਸਮਰਥਨ ਲਈ ਸੂਬੇ ਦੀ ਹਿਮਾਇਤ ਕਰ ਰਹੀ ਹੈ
- ਵਿਦਿਆਰਥੀਆਂ ਅਤੇ ਭਵਿੱਖੀ ਅਰਥਚਾਰੇ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ BramptonU ਨੂੰ ਜਿਸ ਤਰ੍ਹਾਂ ਦੀ ਪ੍ਰੋਗਰਾਮਿੰਗ ਪੇਸ਼ ਕਰਨੀ ਚਾਹੀਦੀ ਹੈ, ਉਸਦੀ ਪਛਾਣ ਵਿੱਚ ਮਦਦ ਲਈ ਕਈ ਤਰ੍ਹਾਂ ਦੇ ਸੰਸਥਾਨਾਂ, ਸੰਗਠਨਾਂ ਅਤੇ ਨਾਗਰਿਕਾਂ ਤੋਂ ਸੁਝਾਅ ਦੀ ਬੇਨਤੀ ਕਰ ਰਹੀ ਹੈ

**ਲਿੰਕ**

- BramptonU ਵੈਬਸਾਈਟ (BramptonU website)
- BramptonU ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ (BramptonU FAQs)

- मीडीआ रिलीज: ब्रैंपटन पोसटसैकंडरी सिॅखिआ लई वाधू विकलप लॅभ रिहा है (Media Release: Brampton exploring additional options for postsecondary education)

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca